| ਲੜੀ ਨੰਬਰ | ਅਨਾਊਸਮੈਂਟ ਦਾ ਸਮਾਂ | ਅਨਾਊਸਮੈਂਟ ਦਾ ਵੇਰਵਾ |
|---|---|---|
| 1 | ਸ਼ਾਮ 7 ਵਜੇ ਤੋ ਰਾਤ 9 ਵਜੇ ਤੱਕ (ਪਬਲਿਕ ਅਨਾਊਸਮੈਂਟ ਵਾਲੀਆਂ ਸਰਕਾਰੀ ਗੱਡੀਆਂ ਅਤੇ ਧਾਰਮਿਕ ਅਸਥਾਨਾਂ ਤੋ) (Tuesday, March 31, 2020) | • ਆਪ ਕਪੂਰਥਲਾ ਵਾਸੀਆ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਕੱਲ ਸਵੇਰੇ 5:00 ਵਜੇ ਤੋ 8.00 ਵਜੇ ਤੱਕ ਕਰਫਿਊ ਵਿੱਚ ਢਿੱਲ ਦਿੱਤੀ ਜਾਵੇਗੀ।<br>• ਜਿਸ ਦੌਰਾਨ ਦੋਧੀ ਘਰੋ ਘਰੀ ਜਾ ਕੇ ਦੁੱਧ ਵੇਚ ਸਕਦੇ ਹਨ ਅਤੇ ਅਖਬਾਰਾਂ ਵੰਡਣ ਵਾਲੇ ਹਾਕਰ ਅਖਬਾਰਾਂ ਵੰਡਣਗੇ।<br>• ਇਸ ਦੌਰਾਨ ਡੇਅਰੀਆਂ, ਕੈਮਿਸਟਾਂ ਦੀਆਂ ਦਕਾਨਾਂ, ਖਾਦ ਅਤੇ ਕੀਟ ਨਾਸ਼ਕ ਦਵਾਈਆ ਦੀਆਂ ਦੁਕਾਨਾਂ ਵੀ ਕੱਲ ਸਵੇਰੇ 5 ਵਜੇ ਤੋ 8.00 ਵਜੇ ਤੱਕ ਖੁੱਲਣਗੀਆ।<br>• ਪੋਲਟਰੀ ਫੀਡ ਅਤੇ ਕੈਟਲ ਫੀਡ ਦੀਆਂ ਦੁਕਾਨਾਂ ਸਵੇਰੇ 2:00 ਵਜੇ ਤੋ 8:00 ਤੱਕ ਖੁਲਣਗੀਆ।<br>• ਇਸਤੋ ਇਲਾਵਾ ਜਿੰਨਾ ਲੋਕਾਂ ਨੂੰ ਨਕਦੀ ਪੈਸੇ ਦੀ ਲੋੜ ਹੋਵੇ, ਉਹ ਵੀ ਕੱਲ ਸਵੇਰੇ 5 ਵਜੇ ਤੋ 8 ਵਜੇ ਤੱਕ ਸਵੇਰੇ ATM ਤੋ ਪੈਸੇ ਕਢਵਾ ਸਕਦੇ ਹਨ।<br>• ਬਾਅਦ ਦੁਪਹਿਰ 2-00 ਵਜੇ ਤੋ ਸ਼ਾਮ 6 ਵਜੇ ਤੱਕ ਕਰਿਆਨਾਂ, ਬੇਕਰੀ ਦੀ ਆਈਟਮਾਂ ਅਤੇ ਸਬਜੀ ਤੇ ਫਲਾਂ ਦੀ ਸਪਲਾਈ ਘਰੋ ਘਰੀ ਕੀਤੀ ਜਾਵੇਗੀ।<br>• ਸਮੂਹ ਕੰਬਾਇਨਾਂ ਕਟਾਈ ਦੇ ਸੀਜਨ ਦੌਰਾਨ ਪੂਰਾ ਦਿਨ ਖੇਤਾਂ ਵਿੱਚ ਚੱਲਣਗੀਆਂ। ਕੰਬਾਈਨਾਂ ਦੇ ਸਪੇਅਰ ਪਾਰਟ ਅਤੇ ਟਰੈਕਟਰਾਂ ਦੀ ਵਰਕਸ਼ਾਪਾਂ ਸਵੇਰੇ 5:00 ਵਜੇ ਤੋ 8:00 ਵਜੇ ਤੱਕ ਖੁਲਣਗੀਆਂ। ਕਿਸਾਨ ਵੀਰ ਆਪਣਾ ਟਰੈਕਟਰ ਇਸ ਸਮੇਂ ਦੌਰਾਨ ਰਿਪੇਅਰ ਲਈ ਵਰਕਸ਼ਾਪਾਂ ਤੇ ਛੱਡ ਸਕਦੇ ਹਨ ਅਤੇ ਰਿਪੇਅਰ ਉਪਰੰਤ ਆਪਣੇ ਟਰੈਕਟਰ ਦੀ ਡਲਿਵਰੀ ਸ਼ਾਮ 4:00 ਵਜੇ ਤੋਂ 6:00 ਵਜੇ ਤੱਕ ਵਰਕਸ਼ਾਪਾਂ ਤੋ ਲੈ ਸਕਦੇ ਹਨ।<br>• ਐਲ.ਪੀ.ਜੀ ਗੈਸ ਸਲੰਡਰਾਂ ਦੀ ਸਪਲਾਈ ਗੈਸ ਏਜੰਸੀਆਂ ਵੱਲੋਂ ਸਵੇਰੇ 10:00 ਵਜ਼ੇ ਤੋਂ ਸ਼ਾਮ 06:00 ਵਜ਼ੇ ਤੱਕ (08 ਘੰਟੇ) ਕੀਤੀ ਜਾਵੇਗੀ।<br>• ਲੋੜਵੰਦ ਗ੍ਰਾਹਕ ਆਪਣੇ ਫੋਨ ਰਾਹੀ ਆਪਣਾ ਆਰਡਰ ਕਰਿਆਨੇ ਅਤੇ ਸਬਜੀ ਵਾਲਿਆਂ, ਬੇਕਰੀਆਂ ਅਤੇ ਗੈਸ ਏਜ਼ਸੀਆਂ ਨੂੰ ਲਿਖਾ ਸਕਦੇ ਹਨ।<br>• ਸਮੂਹ ਆਟਾ ਚੱਕੀਆਂ ਸਾਰਾ ਦਿਨ ਖੁੱਲੀਆਂ ਰਹਿਣਗੀਆਂ। ਕਣਕ ਲੈਣ ਅਤੇ ਜਰੂਰਤਮੰਦ ਲੋਕਾਂ ਦੇ ਘਰਾਂ ਤੱਕ ਆਟੇ ਦੀ ਡਲਿਵਰੀ ਕਰਨ ਦਾ ਸਮਾਂ ਰੋਜਾਨਾ ਸਵੇਰੇ 5:00 ਵਜ਼ੇ ਤੋਂ 8:00 ਵਜ਼ੇ ਤੱਕ ਦਾ ਹੋਵੇਗਾ।<br>• ਇੱਟਾ ਦੇ ਭੱਠਾ ਮਾਲਕਾਂ (Brick Kiln Owners) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੇ ਭੱਠੇ ਪਹਿਲਾਂ ਵਾਗ ਖੁੱਲੇ ਰੱਖਣਗੇ। ਕਰਫਿਊ ਦੋਰਾਨ ਭੱਠੇ ਤੇ ਆਉਣ ਜਾਣ ਲਈ ਹਰੇਕ ਭੱਠਾ ਮਾਲਕ ਆਪਣਾ ਅਤੇ ਆਪਣੇ ਮੁੰਸ਼ੀ ਦਾ ਮੂਵਮੈਂਟ ਪਾਸ (Movement Pass or Curfew Pass) ਬਣਵਾ ਸਕਦੇ ਹਨ।<br>• ਸ਼ਹਿਰਾਂ ਅਤੇ ਕਸਬਿਆਂ ਵਿੱਚ ਹਰੇਕ ਬੈਂਕ ਦੀ ਸ਼ਾਖਾ ਦੁਪਹਿਰ 2:00 ਵਜੇ ਤੋ ਸ਼ਾਮ 5:00 ਵਜੇ ਤੱਕ ਖੋਹਲੀ ਜਾਵੇਗੀ। ਇਸਤੋ ਇਲਾਵਾ ਪਿੰਡ ਰਿਹਾਣਾ ਜੱਟਾਂ, ਕਾਲਾ ਸੰਘਿਆ, ਤਲਵੰਡੀ ਚੌਧਰੀਆਂ ਅਤੇ ਰਾਮਗੜ ਵਿੱਚ ਪੰਜਾਬ ਨੈਸ਼ਨਲ ਬੈਂਕ, ਪਿੰਡ ਚੱਕੋਕੀ, ਭਵਾਨੀਪੁਰ, ਮੋਠਾਂਵਾਲਾ, ਅਤੇ ਇਬਰਾਇਮਵਾਲ ਵਿੱਚ ਪੰਜਾਬ ਅਤੇ ਸਿੰਧ ਬੈਂਕ, ਪਿੰਡ ਨੰਗਲ ਮੱਝਾ ਸਿੰਘ, ਇੱਬਣ, ਖਾਲੂ ਅਤੇ ਬਾਜਾ ਵਿੱਚ ਪੰਜਾਬ ਗ੍ਰਾਮੀਣ ਬੈਂਕ ਅਤੇ, ਪਿੰਡ ਕਬੀਰਪੁਰ, ਖੱਸਣ ,ਲੱਖਣ ਕੇ ਪੱਡੇ ਅਤੇ ਜਗਤਪੁਰ ਵਿੱਚ ਕਪੂਰਥਲਾ ਕੇਂਦਰੀ ਕੋਪਰੇਟਿਵ ਬੈਂਕ ਦੀ ਬਰਾਂਚਾ ਖੁੱਲਣਗੀਆਂ। |
| 2 | 7.30 ਸਵੇਰੇ ਤੋ 8.15 ਤੱਕ ਸਵੇਰੇ (Wednesday, April 01, 2020) | • ਆਪ ਕਪੂਰਥਲਾ ਵਾਸੀਆ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ, ਸਵੇਰੇ 5 ਵਜੇ ਤੋ ਦਿੱਤੀ ਗਈ ਗਈ ਕਰਫਿਊ ਵਿੱਚ ਢਿੱਲ 8.00 ਵਜੇ ਤੱਕ ਦੀ ਸੀ।<br>• ਜੋ ਦੋਧੀ ਘਰੋ ਘਰੀ ਜਾ ਕੇ ਦੁੱਧ ਵੇਚ ਰਹੇ ਹਨ ਅਤੇ ਅਖਬਾਰਾਂ ਵੰਡਣ ਵਾਲੇ ਹਾਕਰਾਂ ਨੂੰ ਬੇਨਤੀ ਹੈ ਕਿ ਆਪਣਾ ਕੰਮ ਛੇਤੀ ਮੁਕੰਮਲ ਕਰਕੇ 8-00 ਵਜੇ ਤੋ ਪਹਿਲਾ ਪਹਿਲਾ ਆਪਣੇ ਆਪਣੇ ਘਰਾਂ ਨੂੰ ਵਾਪਿਸ ਚਲੇ ਜਾਣ।<br>• ਡੇਅਰੀਆਂ, ਕੈਮਿਸਟਾਂ ਦੀਆਂ ਦਕਾਨਾਂ, ਖਾਦਾਂ ਅਤੇ ਕੀਟ ਨਾਸ਼ਕ ਦਵਾਈਆ ਦੀਆਂ ਦੁਕਾਨਾਂ, 8-00 ਵਜੇ ਤੋ ਪਹਿਲਾ ਬੰਦ ਹੋਣ ਅਤੇ ਲੋਕਾਂ ਨੂੰ ਬੇਨਤੀ ਹੈ ਕਿ ਆਪਣੇ ਆਪਣੇ ਘਰਾਂ ਨੂੰ ਵਾਪਿਸ ਚਲੇ ਜਾਵੋ।<br>• ਬੇਨਤੀ ਹੈ ਕਿ ਹੁਣ ਅਗਲੀ ਢਿੱਲ 2-00 ਵਜੇ ਤੋ ਸ਼ਾਮ 6 ਵਜੇ ਤੱਕ ਹੋਵੇਗੀ ਜਿਸ ਦੌਰਾਨ ਕਰਿਆਨਾਂ, ਬੇਕਰੀ ਦੀ ਆਈਟਮਾਂ ਅਤੇ ਸਬਜੀ ਤੇ ਫਲਾਂ ਦੀ ਸਪਲਾਈ ਘਰੋ ਘਰੀ ਕੀਤੀ ਜਾਵੇਗੀ।<br>• ਲੋੜਵੰਦ ਗ੍ਰਾਹਕ ਆਪਣੇ ਫੋਨ ਰਾਹੀ ਆਪਣਾ ਆਰਡਰ ਕਰਿਆਨੇ ਅਤੇ ਸਬਜੀ ਵਾਲਿਆਂ, ਬੇਕਰੀਆਂ ਅਤੇ ਗੈਸ ਏਜ਼ਸੀਆਂ ਨੂੰ ਲਿਖਾ ਸਕਦੇ ਹਨ।<br>• ਐਲ.ਪੀ.ਜੀ ਗੈਸ ਸਲੰਡਰਾਂ ਦੀ ਸਪਲਾਈ ਗੈਸ ਏਜੰਸੀਆਂ ਵੱਲੋਂ ਸਵੇਰੇ 10:00 ਵਜ਼ੇ ਤੋਂ ਸ਼ਾਮ 06:00 ਵਜ਼ੇ ਤੱਕ (08 ਘੰਟੇ) ਕੀਤੀ ਜਾਵੇਗੀ। |
| 3 | ਸਵੇਰੇ 8 ਵਜੇ ਤੋ ਲੈ ਕੇ ਸਾਰਾ ਦਿਨ (Wednesday, April 01, 2020) | • ਆਪ ਸਬ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਕਰਫਿਊ ਦੇ ਹੁਕਮਾਂ ਦੀ ਸਖਤ ਪਾਲਣਾ ਆਪਣੀ ਜੀਵਣ ਦੀ ਰੱਖਿਆ ਲਈ ਕੀਤੀ ਜਾਵੇ। ਆਪਣਾ, ਆਪਣੇ ਪ੍ਰੀਵਾਰ ਅਤੇ ਅਤੇ ਪੂਰੇ ਸਮਾਜ ਦੀ ਕਰੋਨਾਂ ਵਾਇਰਸ ਦੀ ਮਹਾਮਾਰੀ ਤੋ ਬਚਾ ਲਈ ਆਪਣੇ ਆਪਣੇ ਘਰਾਂ ਵਿੱਚ ਹੀ ਰਹਿਣ ਅਤੇ ਕਿਰਪਾ ਕਰਕੇ ਆਪਣੇ ਘਰਾਂ ਤੋ ਬਾਹਰ ਨਾ ਨਿਕਲਣ।<br>• ਕਰਫਿਊ ਦੇ ਹੁਕਮਾਂ ਦੀ ਉਲੰਘਣਾ ਕਰਨ ਵਾਲਿਆ ਵਿਰੁੱਧ ਪੁਲਿਸ ਅਤੇ ਪ੍ਰਸ਼ਾਸ਼ਨ ਵੱਲੋਂ ਸਖਤ ਕਾਰਵਾਈ ਕੀਤੀ ਜਾਵੇਗੀ |

Scanned with CamSca